PUNJABI

# ਭਾਰਤ ਦਾ ਸੰਵਿਧਾਨ

ਪ੍ਰਸਤਾਵਨਾ ।

ਅਸੀਂ, ਭਾਰਤ ਦੇ ਲੋਕ ਭਾਰਤ ਨੂੰ ਇਕ [1][ਪ੍ਰਭੁਤਾਧਾਰੀ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ ]ਬਣਾਉਣ ਲਈ ਅਤੇ ਉਸ ਦੇ ਸਭ ਨਾਗਰਿਕਾਂ ਨੂੰ :

ਸਮਾਜਕ, ਆਰਥਕ ਅਤੇ ਰਾਜਨੀਤਕ ਨਿਆਂ ;

ਵਿਚਾਰ ਪ੍ਰਗਟਾਉ, ਵਿਸ਼ਵਾਸ, ਧਰਮ ਅਤੇ ਉਪਾਸ਼ਨਾ ਦੀ ਸੁਤੰਤਰਤਾ ;

ਪ੍ਰਤਿਸ਼ਠਾ ਅਤੇ ਅਵਸਰ ਦੀ ਸਮਤਾ ਪ੍ਰਾਪਤ ਕਰਾਉਣ ਲਈ ;

ਅਤੇ ਉਨ੍ਹਾਂ ਸਭਨਾ ਵਿਚਕਾਰ

ਵਿਅਕਤੀ ਦਾ ਗੌਰਵ ਅਤੇ [2][ਕੌਮ ਦੀ ਏਕਤਾ ਅਤੇ ਅਖੰਡਤਾ] ਸੁਨਿਸਚਤ ਕਰਨ ਵਾਲੀ ਭਰਾਤਰਤਾ ਵਧਾਉਣ ਲਈ ;

ਦ੍ਰਿੜ੍ਹਮਨ ਹੋ ਕੇ ਆਪਣੀ ਸੰਵਿਧਾਨ ਸਭਾ ਵਿਚ ਨਵੰਬਰ, 1949, ਦੇ ਛੱਬੀਵੇਂ ਦਿਨ, ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ, ਐਕਟ, ਬਣਾਉਂਦੇ ਅਤੇ ਆਪਣੇ ਆਪ ਨੂੰ ਅਰਪਦੇ ਹਾਂ ।

---

[1] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਰਾ (03.01.1977 ਤੋਂ ਪ੍ਰਭਾਵੀ) "ਪ੍ਰਭੁਤਾਧਾਰੀ ਲੋਕਤੰਤਰ ਗਣਰਾਜ" ਦੀ ਥਾਵੇਂ ਰੱਖੇ ਗਏ ।

[2] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976 ਦੀ ਧਾਰਾ 2 ਦੁਆਰਾ (03.10.1977 ਤੋਂ ਪਭਾਵੀ) "ਕੌਮ ਦੀ ਏਕਤਾ" ਦੀ ਥਾਵੇਂ ਰੱਖੇ ਗਏ ।